## ਵਿਧਾਨ ਪ੍ਰੀਸ਼ਦ ਚੋਣਾਂ 2018 ਤੇ ਸੰਖੇਪ ਜਾਣਕਾਰੀ

### ਮਤਦਾਨ ਦੀ ਮਿਤੀ ਅਤੇ ਸਮਾਂ

- ਮਤਦਾਨ ਡੇ: 11 ਮਾਰਚ 2018 (ਐਤਵਾਰ)
- ਮਤਦਾਨ ਦਾ ਸਮਾਂ: 7:30 a.m. - 10:30 p.m.

### ਚੁਣੇ ਜਾਣ ਵਾਲੇ ਮੈਂਬਰਾਂ ਦੀ ਸੰਖਿਆ

- ਹਾਂਗ ਕਾਂਗ ਆਈਲੈਂਡ, ਕੌਲੂਨ ਵੈਸਟ ਅਤੇ ਨਿਊ ਟੈਰੇਟਰੀਜ਼ ਈਸਟ ਭੂਗੋਲਿਕ ਚੋਣ ਖੇਤਰਾਂ ਵਿੱਚੋਂ ਇਕ ਇਕ ਮੈਂਬਰ
- ਆਰਕੀਟੈਕਚਰਲ, ਸਰਵੇਖਣ, ਯੋਜਨਾਬੰਦੀ ਅਤੇ ਲੈਂਡਸਕੇਪ ਕਾਰਜਸ਼ੀਲ ਚੋਣ ਖੇਤਰ ਲਈ ਇਕ ਮੈਂਬਰ

### ਨਾਮਜ਼ਦਗੀ ਅਵਧੀ

- ਉਮੀਦਵਾਰ ਦੀ ਨਾਮਜ਼ਦਗੀ ਦੀ ਮਿਆਦ: 16 - 29 ਜਨਵਰੀ 2018
- ਨਾਮਜ਼ਦਗੀ ਫਾਰਮ 10/F,ਹਰਬਰ ਸੈਂਟਰ, 25 ਹਰਵਰ ਰੋਡ, ਵਨ ਚਾਈ, ਹਾਂਗ ਕਾਂਗ ਜਾਂ ਯੂਨਿਟ 2301-03, 23/F, ਮਿਲੇਨਿਯਮ ਸਿਟੀ 6, 392 ਕੁੰਨ ਥਾਂਗ ਰੋਡ, ਕੁੰਨ ਥਾਂਗ, ਕੌਲੂਨ ਵਿੱਚ ਜ਼ਿਲ੍ਹਾ ਦਫਤਰ ਅਤੇ ਰਜਿਸਟਰੇਸ਼ਨ ਅਤੇ ਚੋਣ ਦਫ਼ਤਰ (“REO”) ਤੇ ਵੀ ਉਪਲਬਧ ਹਨ। ਇਹ REO ਵੈਬਸਾਈਟ (www.reo.gov.hk) ਤੋਂ ਵੀ ਡਾਊਨਲੋਡ ਕੀਤਾ ਜਾ ਸਕਦਾ ਹੈ।

### ਮਤਦਾਨ ਵਿਵਸਥਾਵਾਂ

- ਹਾਂਗਕਾਂਗ ਆਈਲੈਂਡ, ਕੌਲਲੂਨ ਵੈਸਟ ਅਤੇ ਨਿਊ ਟੈਰੇਟਰੀਜ਼ ਈਸਟ ਦੇ ਰਜਿਸਟਰਡ ਵੋਟਰਜ਼ ਭੂਗੋਲਿਕ ਵਿਧਾਨਿਕ ਖੇਤਰਾਂ ਅਤੇ ਆਰਕੀਟੈਕਚਰਲ, ਸਰਵੇਖਣ, ਯੋਜਨਾਬੰਦੀ ਅਤੇ ਲੈਂਡਸਕੇਪ ਕਾਰਜਸ਼ੀਲ ਚੋਣ ਖੇਤਰਾ ਵਿੱਚ ਜਿਨ੍ਹਾਂ ਦੇ ਨਾਮ 2017 ਦੇ ਵੋਟਰਾਂ ਦੇ ਆਖ਼ਰੀ ਰਜਿਸਟਰ ਵਿੱਚ ਸ਼ਾਮਿਲ ਕੀਤੇ ਗਏ ਹਨ, ਉਹ ਆਪਣੀ ਵੋਟ (ਆਂ) ਚੋਣਾਂ ਵਿੱਚ ਪਾ ਸਕਦੇ ਹਨ।
- ਹਰ ਵੋਟਰ ਨੂੰ ਇੱਕ ਮਨੋਨੀਤ ਪੋਲਿੰਗ ਸਟੇਸ਼ਨ ਲਈ ਨਿਯੁਕਤ ਕੀਤਾ ਜਾਵੇਗਾ।
- ਇਕ ਪੋਲ ਕਾਰਡ ਜੋ ਕਿ ਮਨੋਨੀਤ ਪੋਲਿੰਗ ਸਟੇਸ਼ਨ ਨੂੰ ਦਿਖਾਵੇਗਾ ਵੋਟਾਂ ਵਾਲੇ ਦਿਨ ਤੋਂ ਘੱਟੋ-ਘੱਟ 10 ਦਿਨ ਪਹਿਲਾਂ ਸਬੰਧਤ ਵੋਟਰਾਂ ਨੂੰ ਜਾਰੀ ਕੀਤਾ ਜਾਵੇਗਾ।
- ਕੀ ਨਿਰਧਾਰਤ ਪੋਲਿੰਗ ਕੇਂਦਰ ਵੋਟਰਾਂ ਲਈ ਪਹੁੰਚਯੋਗ ਹੈ ਜਾਂ ਨਹੀਂ, ਜੋ ਵ੍ਹੀਲਚੇਅਰ ਇਸਤੇਮਾਲ ਕਰਦੇ ਹਨ ਜਾਂ ਜਿਨ੍ਹਾਂਨੂੰ ਗਤੀਸ਼ੀਲਤਾ ਦੀ ਮੁਸ਼ਕਲ ਹੈ ਇਹ ਚੋਣ ਕਾਰਡ ਨਾਲ ਜੁੜੇ ਸਥਾਨ ਮੈਪ

ਵਿੱਚ ਦਰਸਾਇਆ ਜਾਵੇਗਾ । ਉਹ ਵੋਟਰ ਜੋ ਵ੍ਹੀਲਚੇਅਰ ਇਸਤੇਮਾਲ ਕਰਦੇ ਹਨ ਜਾਂ ਜਿਨ੍ਹਾਂਨੂੰ ਗਤੀਸ਼ੀਲਤਾ ਦੀ ਮੁਸ਼ਕਲ ਹੈ ਅਤੇ ਜਿਨ੍ਹਾਂ ਨੂੰ ਲਗਦਾ ਹੈ ਕਿ ਨਾਮਜ਼ਦ ਪੋਲਿੰਗ ਸਟੇਸ਼ਨ ਪਹੁੰਚਯੋਗ ਨਹੀਂ ਹੈ ਉਹ REO ਨੂੰ ਫੈਕਸ (2891 1180) ਦੁਆਰਾ, ਈ ਮੇਲ ਰਾਹੀਂ (reoenq@reo.gov.hk), ਟੈਲੀਫੋਨ (2891 1001) ਦੁਆਰਾ ਜਾਂ ਮੇਲ ਰਾਹੀਂ (ਰਜਿਸਟਰੇਸ਼ਨ ਅਤੇ ਚੋਣ ਦਫ਼ਤਰ, 10 / ਐੱਫ, ਹਾਰਬਰ ਸੈਂਟਰ, 25 ਹਾਰਬਰ ਰੋਡ, ਵਾਨ ਚਾਈ, ਹਾਂਗਕਾਂਗ) **6 ਮਾਰਚ (ਮੰਗਲਵਾਰ) 2018** ਤੋਂ ਪਿਹਲਾਂ ਵ੍ਹੀਲਚੇਅਰ ਇਸਤੇਮਾਲ ਕਰਨ ਵਾਲਿਆਂ ਲਈ ਜਾਂ ਜਿਨ੍ਹਾਂਨੂੰ ਗਤੀਸ਼ੀਲਤਾ ਦੀ ਮੁਸ਼ਕਲ ਹੈ ਉਹਨਾਂ ਲਈ ਇਕ ਮਨੋਨੀਤ ਖਾਸ ਪੋਲਿੰਗ ਸਟੇਸ਼ਨ ਤੇ ਵੋਟ ਪਾਉਣ ਲਈ ਦਰਖਾਸਤ ਕਰ ਸਕਦੇ ਹਨ ।

- ਜੇਕਰ ਮਤਦਾਤਾ ਨੂੰ ਮਤਦਾਨ ਉੱਤੇ ਜਾਣਕਾਰੀ ਲਈ ਅਨੁਵਾਦ ਵਿੱਚ ਸਹਾਇਤਾ ਦੀ ਜ਼ਰੂਰਤ ਹੈ ਤਾਂ, ਉਹ ਘੱਟ ਗਿਣਤੀ ਲੋਕਾਂ ਲਈ ਕੇਂਦਰ (“CHEER”) ਵਿੱਚ ਨਿੱਚੇ ਲਿਖੇ ਹੌਟਲਾਈਨ ਉੱਤੇ ਕਾੱਲ ਕਰ ਸੱਕਦੇ ਹਨ ਜੋ ਕਿ **26 ਫਰਵਰੀ 2018** ਤੋਂ ਲਾਗੂ ਹੋਵੇਗਾ ।

| ਭਾਸ਼ਾ | ਹੌਟਲਾਈਨ ਨੰਬਰ |
|---|---|
| ਭਾਸ਼ਾ ਇੰਡੋਨੇਸੀਆ | 3755 6811 |
| ਤਾਗਾਲੋਗ | |
| ਥਾਈ | |
| ਹਿੰਦੀ | 3755 6822 |
| ਨੇਪਾਲੀ | |
| ਉਰਦੂ | 3755 6833 |
| ਪੰਜਾਬੀ | |

## ਮਤਦਾਨ ਕਿਵੇਂ ਕਰੀਏ?

- ਆਪਣੇ ਨਿਰਧਾਰਿਤ ਮਤਦਾਨ ਕੇਂਦਰ ਤੇ ਆਪਣਾ ਹਾਂਗਕਾਂਗ ਪਹਿਚਾਣ ਪੱਤਰ ਜਾਂ ਹੋਰ ਨਿਰਦਿਸ਼ਟ ਮੂਲ ਦੂਸਰਾ ਦਸਤਾਵੇਜ਼ ਲੈ ਕੇ ਜਾਓ ਅਤੇ ਮਤਦਾਨ ਕਰਮਚਾਰੀਆਂ ਨੂੰ ਦਿਖਾਓ । ਜੇਕਰ ਜ਼ਰੂਰੀ ਹੈ, ਤਾਂ ਕ੍ਰਿਪਾ 1 ਦਿਸੰਬਰ 2017 ਦੇ ਬਾਅਦ ਸਵੀਕਾਰ ਕੀਤੇ ਜਾ ਸਕਣ ਵਾਲੇ ਦੂਜੇ ਦਸਤਾਵੇਜ ਜਾਂ ਦੇ ਸਵੀਕਰਿਤੀ ਲਈ REO ਨਾਲ ਸੰਪਰਕ ਕਰੋ ।

- ਤੁਹਾਨੂੰ ਆਪਣੀ ਯੋਗਤਾ ਦੇ ਆਧਾਰ ਤੇ ਇੱਕ ਜਾਂ ਦੋ ਬੈਲਟ ਪੇਪਰ, "✓" (ਟਿੱਕ) ਲਗਾ ਹੋਇਆ ਇੱਕ ਚਾਪ ਦੇ ਨਾਲ ਇੱਕ ਪੇਪਰ ਬੋਰਡ ਦਿੱਤਾ ਜਾਵੇਗਾ । ਭੂਗੋਲਿਕ ਨਿਰਵਾਚਨ ਖੇਤਰ ਦੇ ਪੋਲਿੰਗ ਸਟਾਫ਼ ਦੁਆਰਾ ਬੈਲਟ ਪੇਪਰ ਪਿਹਲਾਂ ਹੀ ਮੋੜ ਦਿੱਤਾ ਜਾਵੇਗਾ । ਤੁਹਾਨੂੰ ਆਪਣੇ ਬੈਲਟ ਪੇਪਰ (ਆਂ) ਨੂੰ ਇੱਕ ਵੋਟ ਕੰਮਪਾਰਟਮੇਟ ਦੇ ਅੰਦਰ ਹੀ ਮਾਰਕ ਕਰਨਾ **ਚਾਹੀਦਾ** ਹੈ ।

- ਬੈਲਟ ਪੇਪਰ ਉੱਤੇ ਆਪਣੀ ਪਸੰਦ ਦੇ ਉਮੀਦਵਾਰ ਦੇ ਨਾਮ ਦੇ ਅੱਗੇ ਦਿੱਤੇ ਹੋਏ ਘੇਰੇ ਵਿੱਚ ਤੁਸੀਂ ਇੱਕ "✓" (ਟਿੱਕ) ਕਰਨ ਲਈ ਕਾਰਡ ਬੋਰਡ ਤੇ ਲਗੀ ਹੋਈ ਚਾਪ ਦਾ ਇਸਤੇਮਾਲ ਕਰੋ । ਇੱਕ ਬੈਲਟ ਪੇਪਰ ਉੱਤੇ ਕੇਵਲ **ਇੱਕ** ਉਮੀਦਵਾਰ ਲਈ ਮਤਦਾਨ ਕਰੋ । ਜੇਕਰ ਤੁਹਾਡੇ ਕੋਲੋ ਬੈਲਟ ਪੇਪਰ ਤੇ ਮਾਰਕ ਕਰਦੇ ਕੋਈ ਗਲਤੀ ਹੋ ਜਾਦੀ ਹੈ ਜਾਂ ਅਣਜਾਣੇ ਵਿੱਚ ਬੈਲਟ ਪੇਪਰ ਖਰਾਬ ਹੋ ਜਾਂਦਾ ਹੈ ਤਾਂ,

ਕ੍ਰਿਪਾ ਕਰਕੇ ਬੈਲਟ ਪੇਪਰ ਪ੍ਰਧਾਨ ਅਧਿਕਾਰੀ ਨੂੰ ਵਾਪਸ ਕਰੋ ਅਤੇ ਇੱਕ ਨਵੇਂ ਬੈਲਟ ਪੇਪਰ ਲਈ ਪੁੱਛੋ ।

- ਬੈਲਟ ਪੇਪਰ ਨੂੰ ਮਾਰਕ ਕਰਨ ਤੋ ਬਾਅਦ:

  (a) ਭੂਗੋਲਿਕ ਨਿਰਵਾਚਨ ਮਤਦਾਤਾ ਇਕ ਵਾਰ ਫਿਰ ਬੈਲਟ ਪੇਪਰ ਨੂੰ ਪੋਲਿੰਗ ਸਟਾਫ਼ ਦੇ ਅਨੁਸਾਰ ਕੀਤੀ ਪ੍ਰੀ-ਤਹਿ ਵਾਂਗ ਫੋਲਡ ਕਰਨਗੇ , ਜੋ ਕਿ ਇਸ ਨੂੰ **ਨੀਲੇ** ਬੈਲਟ ਬਾਕਸ ਵਿੱਚ ਪਾਉਣ ਤੋਂ ਪਿਹਲਾ ਮਾਰਕ "✓" (ਟਿੱਕ) ਕੀਤੇ ਪਾਸੇ ਨੂੰ ਅੰਦਰ ਵੱਲ ਨੂੰ ਛੁਪਾ ਸਕਣ;

  (b) ਭੂਗੋਲਿਕ ਵਿਧਾਨਿਕ ਖੇਤਰਾਂ ਅਤੇ ਆਰਕੀਟੈਕਚਰਲ, ਸਰਵੇਖਣ, ਯੋਜਨਾਬੰਦੀ ਅਤੇ ਲੈਂਡਸਕੇਪ ਕਾਰਜਸ਼ੀਲ ਚੋਣ ਖੇਤਰਾ ਦੇ ਇੱਕ ਨਿਰਵਾਚਕ ਨੂੰ ਬੈਲਟ ਪੇਪਰ ਤਹ ਨਹੀਂ ਕਰਨਾ ਚਾਹੀਦਾ ਹੈ । ਕ੍ਰਿਪਾ ਇਸਨੂੰ ਹੇਠਾਂ ਦੇ ਵੱਲ ਘੁਮਾਓ ਅਤੇ **ਲਾਲ** ਬੈਲਟ ਬਾਕਸ ਵਿੱਚ ਪਾਓ ।

**ਸਾਫ਼ ਚੋਣ**

ਭ੍ਰਿਸ਼ਟਾਚਾਰ ਵਿਰੁੱਧ ਸਵਾਧੀਨ ਕਮਿਸ਼ਨ ਦੁਆਰਾ ਲਾਗੂ ਕੀਤਾ ਜਾਣ ਵਾਲਾ ਚੋਣ (ਭ੍ਰਿਸ਼ਟ ਅਤੇ ਗੈਰਕਨੂੰਨੀ ਪ੍ਰਣਾਲੀ) ਅਧਿਆਦੇਸ਼ (ਕੈਪ 554) ਦੇ ਅਨੁਸਾਰ, ਇੱਕ ਮਤਦਾਤਾ ਨੂੰ ਇਹ ਨਹੀ ਕਰਨਾ ਚਾਹੀਦਾ ਹੈ:

- ਚੋਣ ਵਿੱਚ ਵੋਟ ਨਾ ਪਾਉਣ ਲਈ ਜਾਂ ਕਿਸੇ ਇੱਕ ਵਿਸ਼ੇਸ਼ ਉਮੀਦਵਾਰ ਨੂੰ ਵੋਟ ਪਾਉਣ ਲਈ ਜਾਂ ਨਾ ਪਾਉਣ ਲਈ ਕਿਸੇ ਇੱਕ ਵਿਅਕਤੀ ਤੋਂ ਕੋਈ ਮੁਨਾਫ਼ਾ (ਪੈਸਾ, ਉਪਹਾਰ, ਆਦਿ ਸਹਿਤ), ਖਾਣਾ, ਪਾਣੀ ਜਾਂ ਮਨੋਰੰਜਨ ਮੰਗਣਾ ਜਾਂ ਸਵੀਕਾਰ ਕਰਨਾ;
- ਕਿਸੇ ਦੇ ਮਤਦਾਨ ਦੇ ਫ਼ੈਸਲੇ ਨੂੰ ਪ੍ਰਭਾਵਿਤ ਕਰਨ ਲਈ ਦਬਾਅ ਜਾਂ ਨਾਜਾਇਜ਼ ਦਬਾ ਦਾ ਪ੍ਰਯੋਗ ਜਾਂ ਪ੍ਰਯੋਗ ਕਰਣ ਲਈ ਧਮਕੌਣਾ;
- ਉਨ੍ਹਾਂਨੂੰ/ਉਹਨੂੰ ਇਹ ਜਾਣਕਾਰੀ ਹੁੰਦੇ ਹੋਏ ਵੀ ਕਿ ਉਹ ਮਤਦਾਨ ਦੇ ਹੱਕਦਾਰ ਨਹੀਂ ਹਨ ਤਾਂ ਵੀ ਵੋਟ ਪਾਉਣਾ; ਜਾਂ ਜਾਣਬੁੱਝ ਕੇ ਜਾਂ ਬਿਨਾਂ ਵਿਚਾਰੇ ਝੂਠੀ ਜਾਂ ਚਾਲਬਾਜ਼ ਜਾਣਕਾਰੀ (ਝੂਠੀ ਰਿਹਾਇਸ਼ ਦਾ ਪਤਾ) ਨਿਰਵਾਚਕੀ ਅਧਿਕਾਰੀ ਨੂੰ ਦੇਣਾ ।